ISSN: 2584-0509

# ਮਿੰਨੀ ਕਹਾਣੀ:- ਕ੍ਰਿਸ਼ਨ ਮੰਦਰ ਦੀਆਂ ਪੌੜੀਆਂ



**ਡਾ. ਪ੍ਰਦੀਪ ਕੌੜਾ**
+91 9815664444
# 139, Nirvana Estate, Bathinda

'ਬੱਸ ਐਥੇ ਹੀ ਮਾਰ ਖਾ ਗਏ ਕੌਰਵ.......,ਸਾਹਮਣੇ ਪ੍ਰਤੱਖ ਭਗਵਾਨ ਖੜੇ ਕਹਿ ਰਹੇ ਹੋਣ........ ਕਿ ਇਕ ਪਾਸੇ ਮੈਂ ਹਾਂ...... ਅਤੇ ਦੂਜੇ ਪਾਸੇ ਮੇਰੀ ਨਰਾਇਣੀ ਸੈਨਾ, ਜੋ ਮਰਜੀ ਮੰਗ ਲਵੋ......, ਹੂੰ ! ਕਮਲਿਆਂ ਨੇ ਭਗਵਾਨ ਨੂੰ ਛੱਡ ਕੇ ਨਰਾਇਣੀ ਸੈਨਾ ਮੰਗ ਲਈ।' ਕੌਰਵਾਂ ਦੀ ਨਾਦਾਨੀ 'ਤੇ ਮਨੋ-ਮਨ ਸੋਚਦੇ ਕੇਦਾਰ ਚੰਦ ਨੂੰ ਪਤਾ ਹੀ ਨਹੀਂ ਲੱਗਾ ਕਿ ਉਹ ਕਦੋਂ ਕ੍ਰਿਸ਼ਨ ਭਗਵਾਨ ਦੇ ਮੰਦਰ ਦੀਆਂ ਸਫੈਦ ਸੰਗਮਰਮਰ ਦੀਆਂ ਪੌੜੀਆਂ ਚੜਦਾ-ਚੜਦਾ, ਮੰਦਰ ਦੀ ਦਹਿਲੀਜ਼ ਤੱਕ ਆ ਪੁੱਜਾ।

ਝੁੱਕ ਕੇ ਮੰਦਰ ਦੀ ਦਹਿਲੀਜ਼ 'ਤੇ ਦੋਵੇਂ ਹੱਥ ਲਾ ਕੇ ਜੋੜੇ ਅਤੇ ਫਿਰ ਕੰਨਾਂ ਨੂੰ ਲਾਏ। ਸਾਹਮਣੇ ਰੰਗ-ਬਰੰਗੀ ਪੁਸ਼ਾਕ ਵਿਚ ਸਜੇ ਰਾਧਾ ਅਤੇ ਕ੍ਰਿਸ਼ਨ ਦੀ, ਮਨਮੋਹਕ ਮੁਸਕਰਾਉਂਦੀ ਹੋਈ ਮੂਰਤੀ ਨੂੰ ਨੀਝ ਨਾਲ ਤੱਕਿਆ, ਮੰਦਰ ਦੇ ਅੰਦਰ ਵੜਦਿਆਂ ਹੀ ਦੋਂਵੇ ਅੱਖਾਂ ਬੰਦ ਕਰ ਲਈਆਂ ਅਤੇ ਦੋਂਵੇ ਗੋਡੇ ਟੇਕ ਕੇ ਫਰਸ਼ 'ਤੇ ਸਿਰ ਇੰਜ ਟਕਾ ਦਿੱਤਾ ਜਿਵੇਂ ਸਾਕਸ਼ਾਤ ਪ੍ਰਭੂ ਦੇ ਚਰਨਾਂ ਵਿਚ ਸਮਰਪਣ ਕਰ ਦਿੱਤਾ ਹੋਵੇ। ਕੁਝ ਦੇਰ ਉਸੇ ਅਵਸਥਾ ਵਿਚ ਮੱਥਾ ਟੇਕਣ ਤੋਂ ਬਾਅਦ, ਬਿਨ੍ਹਾਂ ਅੱਖਾਂ ਖੋਲਿਆਂ, ਗੋਡਿਆਂ ਭਾਰ ਨੀਵੀਂ ਪਾ ਕੇ ਬੈਠਦੇ ਨੇ, ਦੋਂਵੇ ਹੱਥ ਖੋਲਦਿਆਂ ਬੁੜਬੁੜਾਉਣਾ ਸ਼ੁਰੂ ਕੀਤਾ, 'ਪ੍ਰਭੂ ! ਅੱਜ ਵਾਲੇ ਠੇਕੇ ਦਾ ਟੈਂਡਰ ਮੈਨੂੰ ਮਿਲ ਜਾਵੇ, ਬੇਟੇ ਦਾ ਨੀਟ ਵਿਚੋਂ ਚੰਗਾ ਰੈਂਕ ਦੇ ਦੇਣਾ, ਬੇਟੀ ਦੇ ਇੰਟਰਵਿਊ ਵਿਚ ਸਹਾਈ ਹੋਣਾ, ਮਾਤਾ ਦਾ ਉਪਰੇਸ਼ਨ ਸੁੱਖੀ-ਸਾਂਦੀ ਹੋ ਜਾਵੇ....... ਹਾਂ, ਪ੍ਰਭੂ ਜੀ, ਇਸ ਵਾਰ ਪ੍ਰਭਾ ਦੀ ਅਰਜ਼ ਜਰੂਰ ਸਵੀਕਾਰ ਕਰੀਓ, ਉਮਰ ਬੀਤ ਗਈ 70 ਕਿਲੋਮੀਟਰ ਰੋਜ਼ ਬੱਸਾਂ ਵਿਚ ਧੱਕੇ ਖਾਂਦੀ ਦੀ, ਐਤਕੀ ਉਸਦੀ ਬਦਲੀ..... ਸੋਚਦਿਆਂ ਹੀ ਉਸਨੂੰ ਚੇਤਾ ਆਇਆ ਕਿ ਕਾਹਲੀ ਵਿਚ ਕਾਰ ਤਾਂ ਉਹ ਸੜਕ ਦੇ ਵਿਚਾਲੇ ਹੀ ਖੜੀ ਕਰ ਆਇਆ ਸੀ..... ਕਿਤੇ ਜਾਂਦਿਆਂ ਨੂੰ ਕੋਈ ਪੁਲਸ ਵਾਲਾ ਚਾਲਾਨ ਹੀ ਨਾ ਕੱਟੀ ਬੈਠਾ ਹੋਵੇ...। ਬੁੜ-ਬੁੜਾਉਂਦਾ ਉਹ ਖੜਾ ਹੋਇਆ, ਫਿਰ ਥੋੜਾ ਜਿਹਾ ਝੁਕਿਆ ਅਤੇ ਕਾਹਲੀ ਨਾਲ ਮੰਦਰ ਤੋਂ ਬਾਹਰ ਆ ਕੇ ਪੌੜੀਆਂ ਉਤਰਨ ਲੱਗਾ।

ਕ੍ਰਿਸ਼ਨ ਭਗਵਾਨ ਦੀ ਮੂਰਤੀ ਅਜੇ ਵੀ ਉਸੇ ਤਰ੍ਹਾਂ ਮੁਸਕਰਾ ਰਹੀ ਸੀ।

----- 0 -----